Punjab Government Gazette

Published by Authority

No. 8] CHANDIGARH, FRIDAY, FEBRUARY 20, 2026 (PHALGUNA 1, 1947 SAKA)

PART I

Punjab Government Notifications and Orders

ਪੰਜਾਬ ਸਰਕਾਰ

ਆਬਕਾਰੀ ਤੇ ਕਰ ਵਿਭਾਗ

(ਆਬਕਾਰੀ ਤੇ ਕਰ-1 ਸ਼ਾਖਾ)

ਅਧਿਸੂਚਨਾ

ਮਿਤੀ 22 ਦਸੰਬਰ, 2025

ਨੰ: 1101/57/2025-ਅਕ1(1)/25475.-ਪੰਜਾਬ ਦੇ ਰਾਜਪਾਲ ਪ੍ਰਸੰਨਤਾਪੂਰਵਕ ਸ਼੍ਰੀ ਰਾਜੇਸ਼ ਵਰਮਾ, ਸਹਾਇਕ ਕਮਿਸ਼ਨਰ ਰਾਜ ਕਰ ਅਫਸਰ ਵੱਲੋਂ ਸਵੈ-ਇਛੁੱਕ ਰਿਟਾਇਰਮੈਂਟ ਸਬੰਧੀ ਦਿੱਤੇ ਨੋਟਿਸ/ਪ੍ਰਤੀਬੇਨਤੀ ਮਿਤੀ 23.09.2025 ਕਿ ਉਹ ਮਿਤੀ 01.01.2026 ਤੋਂ ਸਰਕਾਰੀ ਸੇਵਾ ਤੋਂ ਸਵੈ-ਇਛੁੱਕ ਰਿਟਾਇਰਮੈਂਟ ਲੈਣਾ ਚਾਹੁੰਦਾ ਹੈ, ਦੇ ਸਨਮੁੱਖ ਉਸ ਨੂੰ ਪੰਜਾਬ ਸਿਵਲ ਸੇਵਾਵਾਂ (ਪ੍ਰੀਮਿਚਿਊਰ ਰਿਟਾਇਰਮੈਂਟ ਰੂਲਜ਼) 1975 ਦੇ ਨਿਯਮ 3 ਵਿੱਚ ਕੀਤੇ ਉਪਬੰਧ ਅਨੁਸਾਰ ਮਿਤੀ 01.01.2026 ਨੂੰ ਬਾਅਦ ਦੁਪਹਿਰ ਸਰਕਾਰੀ ਸੇਵਾ ਤੋਂ ਸਵੈ-ਇਛੁੱਕ ਰਿਟਾਇਰਮੈਂਟ ਲੈਣ ਦੀ ਆਗਿਆ ਦਿੰਦੇ ਹਨ।

2. ਇਹ ਹੁਕਮ ਇਸ ਸ਼ਰਤ ਤੇ ਲਾਗੂ ਹੋਣਗੇ ਕਿ ਰਾਜ ਕਰ ਕਮਿਸ਼ਨਰ, ਪੰਜਾਬ ਵੱਲੋਂ ਇਸ ਰਿਟਾਇਰਡ ਅਧਿਕਾਰੀ ਤੋਂ ਇਹ ਅੰਡਰਟੇਕਿੰਗ ਲਈ ਜਾਵੇਗੀ ਕਿ ਜੇਕਰ ਅਧਿਕਾਰੀ ਖਿਲਾਫ ਸਰਕਾਰ ਦੇ ਪੱਤਰ ਨੰ: 6/20/2018-ਅਕ.1(2)/1104-05, ਮਿਤੀ 21.01.2025 ਰਾਹੀਂ ਜਾਰੀ ਚਾਰਜਸ਼ੀਟ ਦਾ ਫੈਸਲਾ ਉਸਦੇ ਖਿਲਾਫ ਹੁੰਦਾ ਹੈ ਜਾਂ ਕੋਈ ਰਿਕਵਰੀ ਬਣਦੀ ਹੋਈ ਤਾਂ ਇਹ ਅਧਿਕਾਰੀ ਉਸ ਦੀ ਰਿਕਵਰੀ ਆਪਣੀ ਪੈਨਸ਼ਨ ਵਿੱਚੋਂ ਕਰਵਾਉਣ ਲਈ ਪਾਬੰਦ ਹੋਵੇਗਾ।

3. ਇਸ ਅਧਿਕਾਰੀ ਦੀ ਰਿਟਾਇਰਮੈਂਟ ਉਪਰੰਤ ਉਸ ਵਿਰੁੱਧ ਜੇਕਰ ਕੋਈ ਹੋਰ ਅਨੁਸ਼ਾਸਨੀ ਕਾਰਵਾਈ/ਕੋਰਟ ਕੇਸ ਸਾਹਮਣੇ ਆਇਆ ਜਾਂ ਕਿਸੇ ਵੀ ਕਿਸਮ ਦਾ ਸਰਕਾਰੀ ਮਾਲ-ਧਨ ਆਦਿ ਬਕਾਇਆ ਹੋਇਆ ਤਾਂ ਉਨ੍ਹਾਂ ਵਿਰੁੱਧ ਪੰਜਾਬ ਸਿਵਲ ਸੇਵਾਵਾਂ ਨਿਯਮਾਂਵਲੀ ਜਿਲਦ-2 ਦੇ ਨਿਯਮ 2.2 (ਬੀ) ਤਹਿਤ ਕਾਰਵਾਈ ਕੀਤੀ ਜਾਵੇਗੀ।

ਚੰਡੀਗੜ੍ਹ
ਮਿਤੀ 18 ਦਸੰਬਰ, 2025

ਅਜਿਤ ਬਾਲਾਜੀ ਜੋਸ਼ੀ
ਪ੍ਰਬੰਧਕੀ ਸਕੱਤਰ (ਕਰ)

3640/2-2026/Pb. Govt. Press, S.A.S. Nagar